ਮਿੱਠੇ ਬੱਚੇ:- ਸੰਗਮਯੁਗ ਤੇ ਤੁਸੀਂ ਬ੍ਰਾਹਮਣ ਸੰਪਰਦਾਏ ਬਣੇ ਹੋ , ਤੁਹਾਨੂੰ ਹੁਣ ਮ੍ਰਿਤੂਲੋਕ ਦੇ ਮਨੁੱਖ ਤੋਂ ਅਮਰਲੋਕ ਦਾ ਦੇਵਤਾ ਬਣਨਾ ਹੈ "

ਪ੍ਰਸ਼ਨ:- ਤੁਸੀਂ ਬੱਚੇ ਕਿਸ ਨਾਲੇਜ ਨੂੰ ਸਮਝਣ ਦੇ ਕਾਰਨ ਬੇਹੱਦ ਦਾ ਸੰਨਿਆਸ ਕਰਦੇ ਹੋ?

ਉੱਤਰ:- ਤੁਹਾਨੂੰ ਡਰਾਮਾ ਦੀ ਅਸਲ ਨਾਲੇਜ ਹੈ, ਤੁਸੀਂ ਜਾਣਦੇ ਹੋ ਡਰਾਮਾ ਅਨੁਸਾਰ ਹੁਣ ਇਸ ਸਾਰੇ ਮ੍ਰਿਤੂਲੋਕ ਨੂੰ ਭਸਮੀਭੂਤ ਹੋਣਾ ਹੈ। ਹੁਣ ਇਹ ਦੁਨੀਆਂ ਵਰਥ ਨਾਟ ਏ ਪੈਨੀ ਬਣ ਗਈ ਹੈ, ਸਾਨੂੰ ਵਰਥ ਪਾਉਂਡ ਬਣਨਾ ਹੈ। ਇਸ ਵਿੱਚ ਜੋ ਕੁਝ ਹੁੰਦਾ ਹੈ ਉਹ ਫਿਰ ਹੂਬਹੂ ਕਲਪ ਦੇ ਬਾਦ ਰਿਪੀਟ ਹੋਵੇਗਾ ਇਸਲਈ ਤੁਹਾਨੂੰ ਇਸ ਸਾਰੀ ਦੁਨੀਆਂ ਤੋਂ ਬੇਹੱਦ ਦਾ ਸੰਨਿਆਸ ਕੀਤਾ ਹੈ।

ਗੀਤ:- ਆਨੇ ਵਾਲੇ ਕਲ ਕੀ ਤੁਮ...

ਓਮ ਸ਼ਾਂਤੀ। ਬੱਚਿਆਂ ਨੇ ਗੀਤ ਦੀ ਲਾਈਨ ਸੁਣੀ ਹੈ। ਆਉਣ ਵਾਲਾ ਹੈ ਅਮਰਲੋਕ। ਇਹ ਹੈ ਮ੍ਰਿਤੂਲੋਕ। ਅਮਰਲੋਕ ਅਤੇ ਮ੍ਰਿਤੂਲੋਕ ਦਾ ਇਹ ਹੈ ਪੁਰਸ਼ੋਤਮ ਸੰਗਮਯੁਗ। ਹੁਣ ਬਾਪ ਪੜ੍ਹਾਉਂਦੇ ਹਨ ਸੰਗਮ ਤੇ, ਆਤਮਾਵਾਂ ਨੂੰ ਪੜ੍ਹਾਉਂਦੇ ਹਨ ਇਸਲਈ ਬੱਚਿਆਂ ਨੂੰ ਕਹਿੰਦੇ ਹਨ ਆਤਮ - ਅਭਿਮਾਨੀ ਹੋ ਬੈਠੋ। ਇਹ ਨਿਸ਼ਚਾ ਕਰਨਾ ਹੈ - ਸਾਨੂੰ ਬੇਹੱਦ ਦਾ ਬਾਪ ਪੜ੍ਹਾਉਂਦੇ ਹਨ। ਸਾਡੀ ਏਮ ਆਬਜੈਕਟ ਇਹ ਹੈ - ਲਕਸ਼ਮੀ - ਨਾਰਾਇਣ ਜਾਂ ਮ੍ਰਿਤੂਲੋਕ ਦੇ ਮਨੁੱਖ ਤੋਂ ਅਮਰਲੋਕ ਦਾ ਦੇਵਤਾ ਬਣਨਾ। ਅਜਿਹੀ ਪੜ੍ਹਾਈ ਤਾਂ ਕਦੀ ਕੰਨਾਂ ਨਾਲ ਨਹੀਂ ਸੁਣੀ, ਨਾ ਕਿਸੇ ਨੂੰ ਕਹਿੰਦੇ ਹੋਏ ਵੇਖਿਆ ਜੋ ਕਹੇ ਬੱਚਿਓ ਤੁਸੀਂ ਆਤਮ - ਅਭਿਮਾਨੀ ਹੋ ਬੈਠੋ। ਇਹ ਨਿਸ਼ਚਾ ਕਰੋ ਕਿ ਬੇਹੱਦ ਦਾ ਬਾਪ ਸਾਨੂੰ ਪੜ੍ਹਾਉਂਦੇ ਹਨ। ਕਿਹੜਾ ਬਾਪ? ਬੇਹੱਦ ਦਾ ਬਾਪ ਨਿਰਾਕਾਰ ਸ਼ਿਵ। ਹੁਣ ਤੁਸੀਂ ਸਮਝਦੇ ਹੋ ਅਸੀਂ ਪੁਰਸ਼ੋਤਮ ਸੰਗਮਯੁਗ ਤੇ ਹਾਂ। ਹੁਣ ਤੁਸੀਂ ਬ੍ਰਾਹਮਣ ਸੰਪਰਦਾਏ ਬਣੇ ਹੋ ਫਿਰ ਤੁਹਾਨੂੰ ਦੇਵਤਾ ਬਣਨਾ ਹੈ। ਪਹਿਲੇ ਸ਼ੂਦ੍ਰ ਸੰਪਰਦਾਏ ਦੇ ਸੀ। ਬਾਪ ਆਕੇ ਪੱਥਰਬੁਧੀ ਤੋਂ ਪਾਰਸਬੁਧੀ ਬਣਾਉਂਦੇ ਹਨ। ਪਹਿਲੇ ਸਤੋਪ੍ਰਧਾਨ ਪਾਰਸਬੁੱਧੀ ਸੀ ਹੁਣ ਫਿਰ ਬਣਦੇ ਹੋ। ਇਵੇਂ ਨਹੀਂ ਕਹਿਣਾ ਚਾਹੀਦਾ ਕਿ ਸਤਿਯੁਗ ਦੇ ਮਾਲਿਕ ਸੀ। ਸਤਿਯੁਗ ਵਿੱਚ ਵਿਸ਼ਵ ਦੇ ਮਾਲਿਕ ਸੀ। ਫਿਰ 84 ਜਨਮ ਲੈ ਸੀੜੀ ਉਤਰਦੇ - ਉਤਰਦੇ ਸਤੋਪ੍ਰਧਾਨ ਤੋਂ ਸਤੋ, ਰਜੋ, ਤਮੋ ਵਿੱਚ ਆਏ ਹੋ। ਪਹਿਲੇ ਸਤੋਪ੍ਰਧਾਨ ਸੀ ਤਾਂ ਪਾਰਸਬੁਧੀ ਸੀ ਫਿਰ ਆਤਮਾ ਵਿੱਚ ਖਾਦ ਪੈਂਦੀ ਹੈ। ਮਨੁੱਖ ਸਮਝਦੇ ਨਹੀਂ। ਬਾਪ ਕਹਿੰਦੇ ਹਨ - ਤੁਸੀਂ ਕੁਝ ਨਹੀਂ ਜਾਣਦੇ ਸੀ। ਬਲਾਈਂਡਫੇਥ ਸੀ। ਸਿਵਾਏ ਜਾਨਣ ਦੇ ਕਿਸ ਦੀ ਪੂਜਾ ਕਰਨਾ ਜਾਂ ਯਾਦ ਕਰਨਾ ਉਸ ਨੂੰ ਬਲਾਇੰਡਫੇਥ ਕਿਹਾ ਜਾਂਦਾ ਹੈ। ਅਤੇ ਆਪਣੇ ਸ੍ਰੇਸ਼ਠ ਧਰਮ, ਸ੍ਰੇਸ਼ਠ ਕਰਮ ਨੂੰ ਵੀ ਭੁੱਲ ਜਾਣ ਨਾਲ ਉਹ ਕਰਮ ਭ੍ਰਿਸ਼ਟ, ਧਰਮ ਭ੍ਰਿਸ਼ਟ ਬਣ ਪੈਂਦੇ ਹਨ। ਭਾਰਤਵਾਸੀ ਇਸ ਸਮੇਂ ਦੈਵੀ ਧਰਮ ਤੋਂ ਵੀ ਭ੍ਰਿਸ਼ਟ ਹਨ। ਬਾਪ ਸਮਝਾਉਂਦੇ ਹਨ ਅਸਲ ਵਿੱਚ ਤੁਸੀਂ ਹੋ ਪ੍ਰਵ੍ਰਿਤੀ ਮਾਰਗ ਵਾਲੇ। ਉਹ ਹੀ ਦੇਵਤਾ ਜਦੋਂ ਅਪਵਿੱਤਰ ਬਣਦੇ ਹਨ ਉਦੋਂ - ਦੇਵੀ - ਦੇਵਤਾ ਕਹਿ ਨਹੀਂ ਸਕਦੇ ਇਸਲਈ ਨਾਮ ਬਦਲ ਹਿੰਦੂ ਧਰਮ ਰੱਖ ਦਿੱਤਾ ਹੈ। ਇਹ ਵੀ ਹੁੰਦਾ ਹੈ ਡਰਾਮਾ ਪਲਾਨ ਅਨੁਸਾਰ। ਸਾਰੇ ਇੱਕ ਬਾਪ ਨੂੰ ਹੀ ਪੁਕਾਰਦੇ ਹਨ - ਹੇ - ਪਤਿਤ ਪਾਵਨ ਆਓ। ਉਹ ਇੱਕ ਹੀ ਗੌਡ ਫਾਦਰ ਹੈ ਜੋ ਜਨਮ - ਮਰਨ ਰਹਿਤ ਹੈ। ਇਵੇਂ ਨਹੀਂ ਕਿ ਨਾਮ - ਰੂਪ ਤੋਂ ਨਿਆਰੀ ਚੀਜ਼ ਹੈ। ਆਤਮਾ ਦਾ ਅਤੇ ਪਰਮਾਤਮਾ ਦਾ ਰੂਪ ਬਹੁਤ ਸੂਕ੍ਸ਼੍ਮ ਹੈ ਜਿਸ ਨੂੰ ਸਟਾਰ ਜਾਂ ਬਿੰਦੂ ਕਹਿੰਦੇ ਹਨ। ਸ਼ਿਵ ਦੀ ਪੂਜਾ ਕਰਦੇ ਹਨ, ਸ਼ਰੀਰ ਤਾਂ ਹੈ ਨਹੀਂ। ਹੁਣ ਆਤਮਾ ਬਿੰਦੀ ਦੀ ਪੂਜਾ ਹੋ ਨਾ ਸਕੇ ਇਸਲਈ ਉਨ੍ਹਾਂ ਨੂੰ ਵੱਡਾ ਬਣਾਉਂਦੇ ਹਨ ਪੂਜਾ ਦੇ ਲਈ। ਸਮਝਦੇ ਹਨ ਸ਼ਿਵ ਦੀ ਪੂਜਾ ਕਰਦੇ ਹਨ। ਪਰ ਉਨ੍ਹਾਂ ਦਾ ਰੂਪ ਕੀ ਹੈ, ਉਹ ਨਹੀਂ ਜਾਣਦੇ। ਇਹ ਸਾਰੀਆਂ ਗੱਲਾਂ ਬਾਪ ਇਸ ਸਮੇਂ ਹੀ ਆਕੇ ਸਮਝਾਉਂਦੇ ਹਨ। ਬਾਪ ਕਹਿੰਦੇ ਹਨ ਤੁਸੀਂ ਆਪਣੇ ਜਨਮਾਂ ਨੂੰ ਨਹੀਂ ਜਾਣਦੇ ਹੋ। 84 ਲੱਖ ਯੋਨੀਆਂ ਦਾ ਤਾਂ ਇੱਕ ਗਪੌੜਾਂ ਲਗਾ ਦਿੱਤਾ ਹੈ। ਹੁਣ ਬਾਪ ਤੁਸੀਂ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ। ਹੁਣ ਤੁਸੀਂ ਬ੍ਰਾਹਮਣ ਬਣੇ ਹੋ ਫਿਰ ਦੇਵਤਾ ਬਣਨਾ ਹੈ। ਕਲਯੁਗੀ ਮਨੁੱਖ ਹਨ ਸ਼ੂਦ੍ਰ। ਤੁਸੀਂ ਬ੍ਰਾਹਮਣਾਂ ਦੀ ਏਮ ਆਬਜੈਕਟ ਹੈ ਮਨੁੱਖ ਤੋਂ ਦੇਵਤਾ ਬਣਨ ਦੀ। ਇਹ ਮ੍ਰਿਤੂਲੋਕ ਪਤਿਤ ਦੁਨੀਆਂ ਹੈ। ਨਵੀਂ ਦੁਨੀਆਂ ਉਹ ਸੀ, ਜਿੱਥੇ ਇਹ ਦੇਵੀ - ਦੇਵਤਾ ਰਾਜ ਕਰਦੇ ਸਨ। ਇੱਕ ਹੀ ਇਨ੍ਹਾਂ ਦਾ ਰਾਜ ਸੀ। ਇਹ ਸਾਰੇ ਵਿਸ਼ਵ ਦੇ ਮਾਲਿਕ ਸੀ। ਹੁਣ ਤਾਂ ਤਮੋਪ੍ਰਧਾਨ ਦੁਨੀਆਂ ਹੈ। ਕਈ ਧਰਮ ਹਨ। ਇਹ ਦੇਵੀ - ਦੇਵਤਾ ਧਰਮ ਪਰਾਏ ਲੋਪ ਹੋ ਗਿਆ ਹੈ। ਦੇਵੀ - ਦੇਵਤਾ ਦਾ ਰਾਜ ਕਦੋਂ ਸੀ, ਕਿੰਨਾ ਸਮੇਂ ਚੱਲਿਆ, ਇਹ ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਕੋਈ ਨਹੀਂ ਜਾਣਦੇ। ਬਾਪ ਹੀ ਆਕੇ ਤੁਹਾਨੂੰ ਸਮਝਾਉਂਦੇ ਹਨ। ਇਹ ਹੈ ਗੌਡ ਫਾਦਰਲੀ ਵਰਲਡ ਯੂਨੀਵਰਸਿਟੀ, ਜਿਸ ਦੀ ਏਮ ਆਬਜੈਕਟ ਹੈ ਅਮਰਲੋਕ ਦਾ ਦੇਵਤਾ ਬਣਾਉਣਾ। ਇਨ੍ਹਾਂਨੂੰ ਅਮਰਕਥਾ ਵੀ ਕਿਹਾ ਜਾਂਦਾ ਹੈ। ਤੁਸੀਂ ਇਸ ਨਾਲੇਜ ਤੋਂ ਦੇਵਤਾ ਬਣ ਕਾਲ ਤੇ ਜਿੱਤ ਪਾਉਂਦੇ ਹੋ। ਉੱਥੇ ਕਦੀ ਕਾਲ ਖਾ ਨਹੀਂ ਸਕਦਾ। ਮਰਨ ਦਾ ਉੱਥੇ ਨਾਮ ਨਹੀਂ। ਹੁਣ ਤੁਸੀਂ ਕਾਲ ਤੇ ਜਿੱਤ ਪਾ ਰਹੇ ਹੋ, ਡਰਾਮਾ ਦੇ ਪਲਾਨ ਅਨੁਸਾਰ। ਭਾਰਤਵਾਸੀ ਵੀ 5 ਵਰ੍ਹੇ ਜਾਂ 10 ਵਰ੍ਹੇ ਦਾ ਪਲਾਨ ਬਣਾਉਂਦੇ ਹਨ ਨਾ। ਸਮਝਦੇ ਹਨ ਅਸੀਂ ਰਾਮਰਾਜ ਸਥਾਪਨ ਕਰ ਰਹੇ ਹਾਂ। ਬੇਹੱਦ ਦੇ ਬਾਪ ਦਾ ਵੀ ਪਲਾਨ ਹੈ ਰਾਮਰਾਜ ਬਣਾਉਣ ਦਾ। ਉਹ ਤਾਂ ਸਭ ਹਨ ਮਨੁੱਖ। ਮਨੁੱਖ ਤਾਂ ਰਾਮਰਾਜ ਸਥਾਪਨ ਕਰ ਨਾ ਸਕਣ। ਰਾਮਰਾਜ ਕਿਹਾ ਹੀ ਜਾਂਦਾ ਹੈ ਸਤਿਯੁਗ ਨੂੰ। ਇਨ੍ਹਾਂ ਗੱਲਾਂ ਨੂੰ ਕੋਈ ਜਾਣਦੇ ਨਹੀਂ ਹਨ। ਮਨੁੱਖ ਕਿੰਨੀ ਭਗਤੀ ਕਰਦੇ ਹਨ, ਜਿਸਮਾਨੀ ਯਾਤ੍ਰਾਵਾਂ ਕਰਦੇ ਹਨ। ਦਿਨ ਮਤਲਬ ਸਤਿਯੁਗ - ਤ੍ਰੇਤਾ ਵਿੱਚ ਇਨ੍ਹਾਂ ਦੇਵਤਾਵਾਂ ਦਾ ਰਾਜ ਸੀ। ਫਿਰ ਰਾਤ ਵਿੱਚ ਭਗਤੀ ਮਾਰਗ ਸ਼ੁਰੂ ਹੁੰਦਾ ਹੈ। ਸਤਿਯੁਗ ਵਿੱਚ ਭਗਤੀ ਨਹੀਂ ਹੁੰਦੀ। ਗਿਆਨ, ਭਗਤੀ,

ਵੈਰਾਗ, ਇਹ ਬਾਪ ਸਮਝਾਉਂਦੇ ਹਨ। ਵੈਰਾਗ ਦੋ ਪ੍ਰਕਾਰ ਦਾ ਹੈ - ਇੱਕ ਹੈ ਹਠਯੋਗੀ ਨਿਵ੍ਰਿਤੀ ਮਾਰਗ ਵਾਲਿਆਂ ਦਾ, ਉਹ ਘਰਬਾਰ ਛੱਡ ਜੰਗਲ ਵਿੱਚ ਜਾਂਦੇ ਹਨ। ਹੁਣ ਤੁਹਾਨੂੰ ਤਾਂ ਬੇਹੱਦ ਦਾ ਸੰਨਿਆਸ ਕਰਨਾ ਹੈ, ਸਾਰੇ ਮ੍ਰਿਤੂਲੋਕ ਦਾ। ਬਾਪ ਕਹਿੰਦੇ ਹਨ ਇਹ ਸਾਰੀ ਦੁਨੀਆਂ ਭਸਮੀਭੂਤ ਹੋਣ ਵਾਲੀ ਹੈ। ਡਰਾਮਾ ਨੂੰ ਬਹੁਤ ਚੰਗੀ ਰੀਤੀ ਸਮਝਣਾ ਹੈ। ਜੂੰ ਮਿਸਲ ਟਿਕ - ਟਿਕ ਹੁੰਦੀ ਰਹਿੰਦੀ ਹੈ। ਜੋ ਕੁਝ ਹੁੰਦਾ ਹੈ ਫਿਰ ਕਲਪ 5 ਹਜ਼ਾਰ ਵਰ੍ਹੇ ਬਾਦ ਹੂਬਹੂ ਰਿਪੀਟ ਹੋਵੇਗਾ। ਇਸ ਨੂੰ ਬਹੁਤ ਚੰਗੀ ਰੀਤੀ ਸਮਝ ਕੇ ਬੇਹੱਦ ਦਾ ਸੰਨਿਆਸ ਕਰਨਾ ਹੈ। ਸਮਝੋ ਕੋਈ ਵਿਲਾਇਤ ਜਾਂਦੇ ਹਨ ਕਹਿਣਗੇ ਉੱਥੇ ਅਸੀਂ ਇਹ ਨਾਲੇਜ ਪੜ੍ਹ ਸਕਦੇ ਹਾਂ? ਬਾਪ ਕਹਿੰਦੇ ਹਨ ਹਾਂ ਕਿਧਰੇ ਵੀ ਬੈਠ ਤੁਸੀਂ ਪੜ੍ਹ ਸਕਦੇ ਹੋ। ਇਸ ਵਿੱਚ ਪਹਿਲੇ 7 ਰੋਜ਼ ਦਾ ਕੋਰਸ ਲੈਣਾ ਪੈਂਦਾ ਹੈ। ਬਹੁਤ ਸਹਿਜ ਹੈ, ਆਤਮਾ ਨੂੰ ਸਿਰਫ ਇਹ ਸਮਝਣਾ ਹੁੰਦਾ ਹੈ। ਅਸੀਂ ਸਤੋਪ੍ਰਧਾਨ ਵਿਸ਼ਵ ਦੇ ਮਾਲਿਕ ਸੀ ਉਦੋਂ ਸਤੋਪ੍ਰਧਾਨ ਸੀ। ਹੁਣ ਤਮੋਪ੍ਰਧਾਨ ਬਣ ਗਏ ਹਾਂ। 84 ਜਨਮਾਂ ਵਿੱਚ ਬਿਲਕੁਲ ਹੀ ਵਰਥ ਨਾਟ ਏ ਪੈਨੀ ਬਣ ਪਏ ਹਾਂ। ਹੁਣ ਫਿਰ ਅਸੀਂ ਪਾਉਂਡ ਕਿਵੇਂ ਬਣੀਏ? ਹੁਣ ਕਲਯੁਗ ਹੈ ਫਿਰ ਜਰੂਰ ਸਤਿਯੁਗ ਹੋਣਾ ਹੈ, ਬਾਪ ਕਿੰਨਾ ਸਿੰਪਲ ਸਮਝਾਉਂਦੇ ਹਨ, 7 ਦਿਨ ਦਾ ਕੋਰਸ ਸਮਝਣਾ ਹੈ। ਕਿਵੇਂ ਅਸੀਂ ਸਤੋ ਪ੍ਰਧਾਨ ਤੋਂ ਤਮੋਪ੍ਰਧਾਨ ਬਣੇ ਹਾਂ। ਕਾਮ ਚਿਤਾ ਤੇ ਬੈਠ ਤਮੋਪ੍ਰਧਾਨ ਬਣੇ ਹਾਂ। ਹੁਣ ਫਿਰ ਗਿਆਨ ਚਿਤਾ ਤੇ ਬੈਠ ਸਤੋਪ੍ਰਧਾਨ ਬਣਨਾ ਹੈ। ਵਰਲਡ ਦੀ ਹਿਸਟ੍ਰੀ - ਜੋਗ੍ਰਾਫੀ ਰਿਪੀਟ ਹੁੰਦੀ ਹੈ, ਚੱਕਰ ਫਿਰਦਾ ਰਹਿੰਦਾ ਹੈ ਨਾ। ਹੁਣ ਹੈ ਸੰਗਮਯੁਗ ਫਿਰ ਸਤਿਯੁਗ ਹੋਵੇਗਾ। ਹੁਣ ਅਸੀਂ ਕਲਯੁਗੀ ਵਿਸ਼ਸ਼ ਬਣੇ ਹਾਂ, ਸੋ ਫਿਰ ਸਤਿਯੁਗੀ ਵਾਈਸਲੈਸ ਕਿਵੇਂ ਬਣੇ? ਉਸ ਦੇ ਲਈ ਬਾਪ ਰਸਤਾ ਦੱਸਦੇ ਹਨ। ਪੁਕਾਰਦੇ ਵੀ ਹਨ ਸਾਡੇ ਵਿੱਚ ਕੋਈ ਗੁਣ ਨਹੀਂ ਹੈ। ਹੁਣ ਸਾਨੂੰ ਇਵੇਂ ਗੁਣਵਾਨ ਬਣਾਓ। ਜੋ ਕਲਪ ਪਹਿਲੇ ਬਣੇ ਸੀ ਉਨ੍ਹਾਂ ਨੂੰ ਹੀ ਫਿਰ ਬਣਨਾ ਹੈ। ਬਾਪ ਸਮਝਾਉਂਦੇ ਹਨ - ਪਹਿਲੇ - ਪਹਿਲੇ ਤਾਂ ਆਪਣੇ ਨੂੰ ਆਤਮਾ ਸਮਝੋ। ਆਤਮਾ ਹੀ ਇੱਕ ਸ਼ਰੀਰ ਛੱਡ ਦੂਜਾ ਲੈਂਦੀ ਹੈ। ਹੁਣ ਤੁਹਾਨੂੰ ਦੇਹੀ - ਅਭਿਮਾਨੀ ਬਣਨਾ ਹੈ। ਹੁਣ ਹੀ ਤੁਹਾਨੂੰ ਦੇਹੀ - ਅਭਿਮਾਨੀ ਬਣਨ ਦੀ ਸਿੱਖਿਆ ਮਿਲਦੀ ਹੈ। ਇਵੇਂ ਨਹੀਂ ਤੁਸੀਂ ਹਮੇਸ਼ਾ ਦੇਹੀ - ਅਭਿਮਾਨੀ ਰਹੋਗੇ। ਨਹੀਂ, ਸਤਿਯੁਗ ਵਿੱਚ ਤਾਂ ਨਾਮ ਸ਼ਰੀਰ ਦੇ ਰਹਿੰਦੇ ਹਨ। ਲਕਸ਼ਮੀ - ਨਾਰਾਇਣ ਦੇ ਨਾਮ ਤੇ ਹੀ ਸਾਰੀ ਕਾਰੋਬਾਰ ਚਲਦੀ ਹੈ। ਹੁਣ ਇਹ ਹੈ ਸੰਗਮਯੁਗ ਜਦੋਂਕਿ ਬਾਪ ਸਮਝਾਉਂਦੇ ਹਨ। ਤੁਸੀਂ ਨੰਗੇ (ਅਸ਼ਰੀਰੀ) ਆਏ ਸੀ ਫਿਰ ਅਸ਼ਰੀਰੀ ਬਣ ਵਾਪਿਸ ਜਾਣਾ ਹੈ। ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ। ਇਹ ਹੈ ਰੂਹਾਨੀ ਯਾਤਰਾ। ਆਤਮਾ ਆਪਣੇ ਰੂਹਾਨੀ ਬਾਪ ਨੂੰ ਯਾਦ ਕਰਦੀ ਹੈ। ਬਾਪ ਨੂੰ ਯਾਦ ਕਰਨ ਨਾਲ ਹੀ ਪਾਪ ਭਸਮ ਹੋ ਜਾਣਗੇ, ਇਸ ਨੂੰ ਯੋਗ ਅਗਨੀ ਕਿਹਾ ਜਾਂਦਾ ਹੈ। ਯਾਦ ਤੇ ਤੁਸੀਂ ਕਿੱਥੇ ਵੀ ਕਰ ਸਕਦੇ ਹੋ। 7 ਰੋਜ਼ ਵਿੱਚ ਸਮਝਾਉਣਾ ਹੁੰਦਾ ਹੈ। ਇਹ ਸ੍ਰਿਸ਼ਟੀ ਚੱਕਰ ਕਿਵੇਂ ਫਿਰਦਾ ਹੈ, ਕਿਵੇਂ ਅਸੀਂ ਸੀੜੀ ਉਤਰਦੇ ਹਾਂ? ਹੁਣ ਫਿਰ ਇਸ ਇੱਕ ਹੀ ਜਨਮ ਵਿੱਚ ਚੜ੍ਹਦੀ ਕਲਾ ਹੁੰਦੀ ਹੈ। ਵਿਲਾਇਤ ਵਿੱਚ ਬੱਚੇ ਰਹਿੰਦੇ ਹਨ, ਉੱਥੇ ਵੀ ਮੁਰਲੀ ਜਾਂਦੀ ਹੈ। ਇਹ ਸਕੂਲ ਹੈ ਨਾ। ਅਸਲ ਵਿੱਚ ਇਹ ਹੈ ਗੌਡ ਫਾਦਰਲੀ ਯੂਨੀਵਰਸਿਟੀ। ਗੀਤਾ ਦਾ ਹੀ ਰਾਜਯੋਗ ਹੈ। ਪਰ ਸ਼੍ਰੀਕ੍ਰਿਸ਼ਨ ਨੂੰ ਭਗਵਾਨ ਨਹੀਂ ਕਿਹਾ ਜਾਂਦਾ। ਬ੍ਰਹਮਾ - ਵਿਸ਼ਨੂੰ - ਸ਼ੰਕਰ ਨੂੰ ਵੀ ਦੇਵਤਾ ਕਿਹਾ ਜਾਂਦਾ ਹੈ। ਹੁਣ ਤੁਸੀਂ ਪੁਰਸ਼ਾਰਥ ਕਰ ਫਿਰ ਸੋ ਦੇਵਤਾ ਬਣਦੇ ਹੋ। ਪ੍ਰਜਾਪਿਤਾ ਬ੍ਰਹਮਾ ਵੀ ਜਰੂਰ ਇੱਥੇ ਹੋਵੇਗਾ ਨਾ। ਪ੍ਰਜਾਪਿਤਾ ਤਾਂ ਮਨੁੱਖ ਹੈ ਨਾ। ਪ੍ਰਜਾ ਜਰੂਰ ਇੱਥੇ ਹੀ ਰਚੀ ਜਾਂਦੀ ਹੈ। ਹਮ ਸੋ ਦਾ ਅਰਥ ਬਾਪ ਨੇ ਬਹੁਤ ਸਹਿਜ ਰੀਤੀ ਸਮਝਾਇਆ ਹੈ। ਭਗਤੀ ਮਾਰਗ ਵਿੱਚ ਤਾਂ ਕਹਿ ਦਿੰਦੇ ਅਸੀਂ ਆਤਮਾ ਸੋ ਪਰਮਾਤਮਾ, ਇਸਲਈ ਪਰਮਾਤਮਾ ਨੂੰ ਸ੍ਰਵਵਿਆਪੀ ਕਹਿ ਦਿੰਦੇ ਹਨ। ਬਾਪ ਕਹਿੰਦੇ ਹਨ ਸਭ ਵਿੱਚ ਵਿਆਪਕ ਹੈ ਆਤਮਾ। ਮੈਂ ਕਿਵੇਂ ਵਿਆਪਕ ਹੋਵਾਂਗਾ? ਤੁਸੀਂ ਮੈਨੂੰ ਬੁਲਾਉਂਦੇ ਹੀ ਹੋ - ਹੇ ਪਤਿਤ - ਪਾਵਨ ਆਓ, ਸਾਨੂੰ ਪਾਵਨ ਬਣਾਓ। ਨਿਰਾਕਾਰ ਆਤਮਾਵਾਂ ਸਭ ਆਕੇ ਆਪਣਾ - ਆਪਣਾ ਰਥ ਲੈਂਦੀ ਹੈ। ਹਰ ਇੱਕ ਅਕਾਲ ਮੂਰਤ ਆਤਮਾ ਦਾ ਤਖਤ ਹੈ ਇਹ। ਤਖਤ ਕਹੋ ਜਾਂ ਰਥ ਕਹੋ। ਬਾਪ ਨੂੰ ਤਾਂ ਰਥ ਹੈ ਨਹੀਂ। ਉਹ ਨਿਰਾਕਾਰ ਹੀ ਗਾਇਆ ਜਾਂਦਾ ਹੈ। ਨਾ ਸੂਕ੍ਸ਼੍ਮ ਸ਼ਰੀਰ ਹੈ, ਨਾ ਸਥੂਲ ਸ਼ਰੀਰ ਹੈ। ਨਿਰਾਕਾਰ ਆਪ ਰਥ ਵਿੱਚ ਜਦੋਂ ਬੈਠੇ ਉਦੋਂ ਬੋਲ ਸਕੇ। ਰਥ ਬਗੈਰ ਪਤਿਤਾਂ ਨੂੰ ਪਾਵਨ ਕਿਵੇਂ ਬਣਾਉਣਗੇ? ਬਾਪ ਕਹਿੰਦੇ ਹਨ ਮੈ ਨਿਰਾਕਾਰ ਆਕੇ ਇਨ੍ਹਾਂ ਦਾ ਲੋਨ ਲੈਂਦਾ ਹਾਂ। ਟੈਂਪਰੇਰੀ ਲੋਨ ਲੀਤਾ ਹੈ, ਇਨ੍ਹਾਂ ਨੂੰ ਭਾਗਿਆਸ਼ਾਲੀ ਰਥ ਕਿਹਾ ਜਾਂਦਾ ਹੈ। ਬਾਪ ਹੀ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਰਾਜ ਦੱਸਦੇ ਹਨ ਤੁਸੀਂ ਬੱਚਿਆਂ ਨੂੰ ਤ੍ਰਿਕਾਲਦਰਸ਼ੀ ਬਣਾਉਂਦੇ ਹਨ। ਹੋਰ ਕੋਈ ਮਨੁੱਖ ਇਹ ਨਾਲੇਜ ਜਾਣ ਨਹੀਂ ਸਕਦੇ। ਇਸ ਸਮੇਂ ਸਭ ਨਾਸਤਿਕ ਹਨ। ਬਾਪ ਆਕੇ ਆਸਤਿਕ ਬਣਾਉਂਦੇ ਹਨ। ਰਚਤਾ - ਰਚਨਾ ਦਾ ਰਾਜ ਬਾਪ ਨੇ ਤੁਹਾਨੂੰ ਦੱਸਿਆ ਹੈ। ਹੁਣ ਤੁਹਾਡੇ ਸਿਵਾਏ ਹੋਰ ਕੋਈ ਸਮਝ ਨਾ ਸਕੇ। ਤੁਸੀਂ ਹੀ ਇਸ ਗਿਆਨ ਨਾਲ ਫਿਰ ਇਹ ਇੰਨਾ ਉੱਚ ਪਦਵੀ ਪਾਉਂਦੇ ਹੋ। ਇਹ ਗਿਆਨ ਸਿਰਫ ਹੁਣ ਹੀ ਤੁਸੀਂ ਬ੍ਰਾਹਮਣਾਂ ਨੂੰ ਮਿਲਦਾ ਹੈ। ਬਾਪ ਸੰਗਮ ਤੇ ਹੀ ਆਕੇ ਇਹ ਗਿਆਨ ਦਿੰਦੇ ਹਨ। ਸਦਗਤੀ ਦੇਣ ਵਾਲਾ ਇੱਕ ਬਾਪ ਹੀ ਹੈ। ਮਨੁੱਖ - ਮਨੁੱਖ ਨੂੰ ਸਦਗਤੀ ਦੇ ਨਾ ਸਕਣ। ਉਹ ਸਭ ਗੁਰੂ ਹੈ ਭਗਤੀ ਮਾਰਗ ਦੇ। ਸਤਿਗੁਰੂ ਇੱਕ ਹੀ ਹੈ, ਉਨ੍ਹਾਂ ਨੂੰ ਕਿਹਾ ਜਾਂਦਾ ਹੈ ਵਾਹ ਸਤਿਗੁਰੂ ਵਾਹ! ਇਸ ਨੂੰ ਪਾਠਸ਼ਾਲਾ ਵੀ ਕਿਹਾ ਜਾਂਦਾ ਹੈ। ਏਮ ਆਬਜੈਕਟ ਨਰ ਤੋਂ ਨਾਰਾਇਣ ਬਣਨ ਦੀ ਹੈ। ਉਹ ਸਭ ਹੈ ਭਗਤੀ ਮਾਰਗ ਦੀਆਂ ਕਥਾਵਾਂ। ਗੀਤਾ ਤੋਂ ਵੀ ਕੋਈ ਪ੍ਰਾਪਤੀ ਨਹੀਂ ਹੁੰਦੀ। ਬਾਪ ਕਹਿੰਦੇ ਹਨ ਮੈ ਤੁਸੀਂ ਬੱਚਿਆਂ ਨੂੰ ਸਮੁੱਖ ਆਕੇ ਪੜ੍ਹਾਉਂਦਾ ਹਾਂ, ਜਿਸ ਨਾਲ ਤੁਸੀਂ ਇਹ ਪਦਵੀ ਪਾਉਂਦੇ ਹੋ। ਇਸ ਵਿੱਚ ਮੁਖ ਹੈ ਪਵਿੱਤਰ ਬਣਨ ਦੀ ਗੱਲ। ਬਾਪ ਦੀ ਯਾਦ ਵਿੱਚ ਰਹਿਣਾ ਹੈ। ਇਸ ਵਿੱਚ ਹੀ ਮਾਇਆ ਵਿਘਨ ਪਾਉਂਦੀ ਹੈ। ਤੁਸੀਂ ਬਾਪ ਨੂੰ ਯਾਦ ਕਰਦੇ ਹੋ ਆਪਣਾ ਵਰਸਾ ਪਾਉਣ ਦੇ ਲਈ। ਇਹ ਨਾਲੇਜ ਸਭ ਬੱਚਿਆਂ ਦੇ ਕੋਲ ਜਾਂਦੀ ਹੈ। ਕਦੀ ਵੀ ਮੁਰਲੀ ਮਿਸ ਨਾ ਹੋਵੇ। ਮੁਰਲੀ ਮਿਸ ਹੋਈ ਗੋਇਆ ਐਬਸੇਂਟ ਪੈ ਜਾਂਦੀ ਹੈ। ਮੁਰਲੀ ਨਾਲ ਕਿਧਰੇ ਵੀ ਬੈਠੇ ਰਿਫਰੈਸ਼ ਹੁੰਦੇ ਰਹਿਣਗੇ। ਸ਼੍ਰੀਮਤ ਤੇ ਚਲਣਾ ਪਵੇ। ਬਾਹਰ ਵਿੱਚ ਜਾਂਦੇ ਹਨ ਤਾਂ ਬਾਪ ਸਮਝਾਉਂਦੇ ਹਨ - ਪਵਿੱਤਰ ਜਰੂਰ ਬਣਨਾ ਹੈ, ਵੈਸ਼ਨਵ ਹੋਕੇ ਰਹਿਣਾ ਹੈ। ਵੈਸ਼ਨਵ ਵੀ ਦੋ ਤਰ੍ਹਾਂ ਦੇ ਹੁੰਦੇ ਹਨ, ਵੈਸ਼ਨਵ, ਵੱਲਭਚਾਰੀ ਵੀ ਹੁੰਦੇ ਹਨ ਪਰ ਵਿਕਾਰ ਵਿੱਚ ਜਾਂਦੇ ਹਨ। ਪਵਿੱਤਰ ਤਾਂ ਹਨ ਨਹੀਂ। ਤੁਸੀਂ ਪਵਿੱਤਰ ਬਣ ਵਿਸ਼ਨੂੰਵੰਸ਼ੀ ਬਣਦੇ ਹੋ। ਉੱਥੇ ਤੁਸੀਂ ਵੈਸ਼ਨਵ ਰਹੋਗੇ, ਵਿਕਾਰ ਵਿੱਚ ਨਹੀਂ ਜਾਵੋਗੇ। ਉਹ ਹੈ ਅਮਰਲੋਕ, ਇਹ ਹੈ ਮ੍ਰਿਤੂਲੋਕ ਇੱਥੇ ਵਿਕਾਰ ਵਿੱਚ ਜਾਂਦੇ ਹਨ। ਹੁਣ ਤੁਸੀਂ ਵਿਸ਼ਨੂਪੁਰੀ ਵਿੱਚ ਜਾਂਦੇ ਹੋ, ਉੱਥੇ ਵਿਕਾਰ ਹੁੰਦਾ ਨਹੀਂ। ਉਹ ਹੈ ਵਾਈਸਲੈਸ ਵਰਲਡ। ਯੋਗਬਲ ਨਾਲ ਤੁਸੀਂ ਵਿਸ਼ਵ

ਦੀ ਬਾਦਸ਼ਾਹੀ ਲੈਂਦੇ ਹੋ। ਉਹ ਦੋਨੋਂ ਆਪਸ ਵਿੱਚ ਲੜਦੇ ਹਨ, ਮੱਖਣ ਵਿਚੋਂ ਤੁਹਾਨੂੰ ਮਿਲਦਾ ਹੈ। ਤੁਸੀਂ ਆਪਣੀ ਰਾਜਧਾਨੀ ਸਥਾਪਨ ਕਰ ਰਹੇ ਹਨ। ਸਾਰਿਆਂ ਨੂੰ ਇਹ ਹੀ ਪੈਗਾਮ ਦੇਣਾ ਹੈ। ਛੋਟੇ ਬੱਚਿਆਂ ਦਾ ਵੀ ਹੱਕ ਹੈ। ਸ਼ਿਵਬਾਬਾ ਦੇ ਬੱਚੇ ਹਨ ਨਾ। ਤਾਂ ਸਭ ਦਾ ਹੱਕ ਹੈ। ਸਭ ਨੂੰ ਕਹਿਣਾ ਹੈ ਆਪਣੇ ਨੂੰ ਆਤਮਾ ਸਮਝੋ। ਮਾਂ - ਬਾਪ ਵਿੱਚ ਗਿਆਨ ਹੋਵੇਗਾ ਤਾਂ ਬੱਚਿਆਂ ਨੂੰ ਵੀ ਸਿਖਾਉਣਗੇ - ਸ਼ਿਵਬਾਬਾ ਨੂੰ ਯਾਦ ਕਰੋ। ਸਿਵਾਏ ਸ਼ਿਵਬਾਬਾ ਦੇ ਦੂਜਾ ਨਾ ਕੋਈ। ਇੱਕ ਦੀ ਯਾਦ ਤੋਂ ਹੀ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣ ਜਾਵੋਗੇ। ਇਸ ਵਿੱਚ ਪੜ੍ਹਾਈ ਬਹੁਤ ਚੰਗੀ ਚਾਹੀਦੀ ਹੈ। ਵਿਲਾਇਤ ਵਿੱਚ ਰਹਿੰਦੇ ਵੀ ਤੁਸੀਂ ਪੜ੍ਹ ਸਕਦੇ ਹੋ। ਇਸ ਵਿੱਚ ਕਿਤਾਬ ਆਦਿ ਕੁਝ ਵੀ ਨਹੀਂ ਚਾਹੀਦੀ। ਕਿੱਥੇ ਵੀ ਬੈਠ ਤੁਸੀਂ ਪੜ੍ਹ ਸਕਦੇ ਹੋ। ਬੁੱਧੀ ਨਾਲ ਯਾਦ ਕਰ ਸਕਦੇ ਹੋ। ਇਹ ਪੜ੍ਹਾਈ ਇੰਨੀ ਸਹਿਜ ਹੈ। ਯੋਗ ਅਥਵਾ ਯਾਦ ਨਾਲ ਬਲ ਮਿਲਦਾ ਹੈ। ਤੁਸੀਂ ਹੁਣ ਵਿਸ਼ਵ ਦਾ ਮਾਲਿਕ ਬਣ ਰਹੇ ਹੋ। ਬਾਪ ਰਾਜਯੋਗ ਸਿਖਾ ਕੇ ਪਾਵਨ ਬਣਾਉਂਦੇ ਹਨ। ਉਹ ਹੈ ਹਠਯੋਗ, ਇਹ ਹੈ ਰਾਜਯੋਗ। ਇਸ ਵਿੱਚ ਪਰਹੇਜ ਬਹੁਤ ਚੰਗੀ ਰੀਤੀ ਚਾਹੀਦਾ ਹੈ। ਇਨ੍ਹਾਂ ਲਕਸ਼ਮੀ - ਨਾਰਾਇਣ ਵਾਂਗੂੰ ਸ੍ਰਵਗੁਣ ਸੰਪੰਨ ਬਣਨਾ ਹੈ ਨਾ। ਖਾਨ ਪਾਉਣ ਦਾ ਵੀ ਪਰਹੇਜ ਚਾਹੀਦਾ ਹੈ, ਅਤੇ ਦੂਜੀ ਗੱਲ ਬਾਪ ਨੂੰ ਯਾਦ ਕਰਨਾ ਹੈ ਤਾਂ ਜਨਮ -ਜਨਮੰਤ੍ਰ ਦੇ ਪਾਪ ਕੱਟ ਜਾਣਗੇ। ਇਸ ਨੂੰ ਕਿਹਾ ਜਾਂਦਾ ਹੈ ਸਹਿਜ ਰਾਜਯੋਗ, ਰਾਜਾਈ ਪ੍ਰਾਪਤ ਕਰਨ ਦੇ ਲਈ। ਜੇ ਰਾਜਾਈ ਨਾ ਲੀਤੀ ਤਾਂ ਗਰੀਬ ਬਣ ਜਾਵੋਗੇ। ਸ਼੍ਰੀਮਤ ਤੇ ਪੂਰਾ ਚਲਣ ਨਾਲ ਸ਼੍ਰੇਸ਼ਠ ਬਣੋਂਗੇ। ਭ੍ਰਸ਼ਟ ਤੋਂ ਸ਼੍ਰੇਸ਼ਠ ਬਣਨਾ ਹੈ। ਉਸ ਦੇ ਲਈ ਬਾਪ ਨੂੰ ਯਾਦ ਕਰਨਾ ਹੈ। ਕਲਪ ਪਹਿਲੇ ਵੀ ਤੁਸੀਂ ਹੀ ਇਹ ਗਿਆਨ ਲੀਤਾ ਸੀ, ਜੋ ਫਿਰ ਹੁਣ ਲੈਂਦੇ ਹੋ। ਸਤਿਯੁਗ ਵਿੱਚ ਹੋਰ ਕੋਈ ਰਾਜ ਨਹੀਂ ਸੀ। ਉਸ ਨੂੰ ਕਿਹਾ ਜਾਂਦਾ ਹੈ ਸੁਖਧਾਮ। ਹੁਣ ਇਹ ਹੈ ਦੁਖਧਾਮ ਅਤੇ ਜਿੱਥੇ ਤੋਂ ਅਸੀਂ ਆਤਮਾਵਾਂ ਆਈਆਂ ਹਾਂ ਉਹ ਹੈ ਸ਼ਾਂਤੀਧਾਮ। ਸ਼ਿਵਬਾਬਾ ਨੂੰ ਵੰਡਰ ਲੱਗਦਾ ਹੈ - ਦੁਨੀਆਂ ਵਿੱਚ ਮਨੁੱਖ ਕੀ - ਕੀ ਕਰਦੇ ਹਨ! ਬੱਚੇ ਘੱਟ ਪੈਦਾ ਹੋਣ ਉਸ ਦੇ ਲਈ ਵੀ ਕਿੰਨਾ ਮੱਥਾ ਮਾਰਦੇ ਰਹਿੰਦੇ ਹਨ। ਸਮਝਦੇ ਨਹੀਂ ਇਹ ਤਾਂ ਬਾਪ ਦਾ ਹੀ ਕੰਮ ਹੈ। ਬਾਪ ਝੱਟ ਇਕ ਧਰਮ ਦੀ ਸਥਾਪਨਾ ਕਰ ਬਾਕੀ ਸਭ ਕਈ ਧਰਮਾਂ ਦਾ ਵਿਨਾਸ਼ ਕਰ ਦਿੰਦੇ ਹਨ, ਇੱਕ ਧੱਕ ਨਾਲ। ਉਹ ਲੋਕ ਕਿੰਨੀਆਂ ਦਵਾਈਆਂ ਆਦਿ ਕੱਢਦੇ ਹਨ ਪੈਦਾਇਸ਼ ਘੱਟ ਕਰਨ ਦੇ ਲਈ। ਬਾਪ ਦੇ ਕੋਲ ਤਾਂ ਇੱਕ ਹੀ ਦਵਾਈ ਹੈ। ਇੱਕ ਧਰਮ ਦੀ ਸਥਾਪਨਾ ਹੋਣੀ ਹੈ। ਉਹ ਕਹਿਣਗੇ ਇਹ ਤਾਂ ਪਵਿੱਤਰ ਬਣ ਰਹੇ ਹਨ। ਫਿਰ ਦਵਾਈ ਆਦਿ ਦੀ ਵੀ ਕੀ ਲੋੜ ਹੈ। ਤੁਹਾਨੂੰ ਬਾਬਾ ਨੇ ਅਜਿਹੀ ਦਵਾਈ ਦਿੱਤੀ ਹੈ ਮਨਮਨਾਭਵ ਦੀ, ਜਿਸ ਨਾਲ ਤੁਸੀਂ 21 ਜਨਮਾਂ ਦੇ ਲਈ ਪਵਿੱਤਰ ਬਣ ਜਾਂਦੇ ਹੋ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਪਵਿੱਤਰ ਬਣ ਕੇ ਪੱਕਾ ਵੈਸ਼ਨਵ ਬਣਨਾ ਹੈ। ਖਾਨ - ਪਾਨ ਦੀ ਵੀ ਪੂਰੀ ਪਰਹੇਜ ਕਰਨੀ ਹੈ। ਸ਼੍ਰੇਸ਼ਠ ਬਣਨ ਦੇ ਲਈ ਸ਼੍ਰੀਮਤ ਤੇ ਜਰੂਰ ਚਲਣਾ ਹੈ।

2. ਮੁਰਲੀ ਨਾਲ ਖੁਦ ਨੂੰ ਰਿਫਰੈਸ਼ ਕਰਨਾ ਹੈ, ਕਿੱਥੇ ਵੀ ਰਹਿੰਦੇ ਸਤੋਪ੍ਰਧਾਨ ਬਣਨ ਦਾ ਪੁਰਸ਼ਾਰਥ ਕਰਨਾ ਹੈ। ਮੁਰਲੀ ਇੱਕ ਦਿਨ ਵੀ ਮਿਸ ਨਹੀਂ ਕਰਨੀ ਹੈ।

ਵਰਦਾਨ:- ਸਵ ਕਲਿਆਣ ਦੇ ਪ੍ਰਤੱਖ ਪ੍ਰਮਾਣ ਦੁਆਰਾ ਵਿਸ਼ਵ ਕਲਿਆਣ ਦੀ ਸੇਵਾ ਵਿਚ ਸਦਾ ਸਫਲਤਾਮੂਰਤ ਭਵ।

ਜਿਵੇਂ ਅੱਜਕਲ ਸ਼ਰੀਰਿਕ ਰੋਗ ਹਾਰਟਫੇਲ ਦਾ ਜਿਆਦਾ ਹੈ ਉਵੇਂ ਅਧਿਆਤਮਿਕ ਉੱਨਤੀ ਵਿਚ ਦਿਲਸ਼ਿਕਸਤ ਦਾ ਰੋਗ ਜਿਆਦਾ ਹੈ। ਅਜਿਹੀ ਦਿਲਸ਼ਿਕਸ਼ਤ ਆਤਮਾਵਾਂ ਵਿਚ ਪ੍ਰੈਕਟਿਕਲ ਪਰਿਵਰਤਨ ਵੇਖਣ ਵਿਚ ਹੀ ਹਿੰਮਤ ਅਤੇ ਸ਼ਕਤੀ ਆ ਸਕਦੀ ਹੈ। ਸੁਣਿਆ ਬਹੁਤ ਹੈ ਹੁਣ ਵੇਖਣਾ ਚਾਹੁੰਦੇ ਹਨ। ਪ੍ਰਮਾਣ ਦੁਆਰਾ ਪਰਿਵਰਤਨ ਚਾਉਂਦੇ ਹਨ। ਤਾਂ ਵਿਸ਼ਵ ਕਲਿਆਣ ਦੇ ਲਈ ਸਵ ਕਲਿਆਣ ਪਹਿਲੇ ਸੈਂਪਲ ਰੂਪ ਵਿਚ ਵਿਖਾਓ। ਵਿਸ਼ਵ ਕਲਿਆਣ ਦੀ ਸੇਵਾ ਵਿਚ ਸਫਲਤਾਮੂਰਤ ਬਣਨ ਦਾ ਸਾਧਨ ਹੀ ਹੈ ਪ੍ਰਤੱਖ ਪ੍ਰਮਾਣ ,ਇਸ ਨਾਲ ਬਾਪ ਦੀ ਪ੍ਰਤੱਖਤਾ ਹੋਵੇਗੀ। ਜੋ ਬੋਲਦੇ ਹੋ ਉਹ ਤੁਹਾਡੇ ਸਵਰੂਪ ਤੋਂ ਪ੍ਰੈਕਟਿਕਲ ਵਿਖਾਈ ਦੇਵੇ ਤਾਂ ਮੰਨਣਗੇ।

ਸਲੋਗਨ:- ਦੂਜੇ ਦੇ ਵਿਚਾਰਾਂ ਨੂੰ ਆਪਣੇ ਵਿਚਾਰਾਂ ਨਾਲ ਮਿਲਾਉਣਾ - ਇਹ ਹੀ ਹੈ ਰਿਗਾਰਡ ਦੇਣਾ।

******

ਅਵਿਅਕਤ ਇਸ਼ਾਰੇ:- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ।

ਕਰਮਾਤੀਤ ਬਣਨ ਦੇ ਲਈ ਚੈੱਕ ਕਰੋ ਕਿੱਥੇ ਤੱਕ ਕਰਮਾ ਦੇ ਬੰਧਨ ਤੋਂ ਨਿਆਰੇ ਬਣੇ ਹੋ? ਲੌਕਿਕ ਅਤੇ ਅਲੌਕਿਕ, ਕਰਮ ਅਤੇ ਸੰਬੰਧ ਦੋਵਾਂ ਵਿਚ ਸਵਾਰਥ ਭਾਵ ਤੋਂ ਮੁਕਤ ਕਿੱਥੋਂ ਤੱਕ ਬਣੇ ਹੋ? ਜਦੋਂ ਕਰਮਾ ਦੇ ਹਿੱਸਾਬ - ਕਿਤਾਬ ਜਾਂ ਕਿਸੇ ਵੀ ਵਿਅਰਥ ਸੁਭਾਅ - ਸੰਸਕਾਰ ਦੇ ਵੱਸ ਹੋਣ ਤੋਂ ਮੁਕਤ ਬਣੋਗੇ ਤਾਂ ਕਰਮਾਤੀਤ ਸਥਿਤੀ ਨੂੰ ਪ੍ਰਾਪਤ ਕਰ ਸਕੋਗੇ। ਕੋਈ ਵੀ ਸੇਵਾ, ਸੰਗਠਨ, ਪ੍ਰਾਕ੍ਰਿਤੀ ਸਥਿਤੀ ਸਵਸਥਿਤੀ ਅਤੇ ਸ੍ਰੇਸ਼ਠ ਸਥਿਤੀ ਨੂੰ ਡਗਮਗ ਨਾ ਕਰੇ। ਇਸ ਬੰਧਨ ਤੋਂ ਵੀ ਮੁਕਤ ਰਹਿਣਾ ਹੀ ਕਰਮਾਤੀਤ ਸਥਿਤੀ ਦੀ ਸਮੀਪਤਾ ਹੈ।